# ਸਾਧਵੀ ਰਤਨ ਮਹਾਸਾਧਵੀ

**ਸ਼੍ਰੀ ਪ੍ਰਭਾਵਤੀ ਜੀ ਮਹਾਰਾਜ - ਇੱਕ ਜਾਣਕਾਰੀ**

ਸਾਧਵੀ ਰਤਨ ਮਹਾਸਾਧਵੀ ਸ਼੍ਰੀ ਪ੍ਰਭਾਵਤੀ ਜੀ ਮਹਾਰਾਜ ਮਹਾਨ ਪ੍ਰਤਾਪੀ ਪ੍ਰਤਿਭਾ ਦੇ ਧਨੀ ਸਨ। ਆਪ ਦਾ ਜਨਮ ਬਿਕਰਮੀ ਸੰਮਤ 1970 ਸਾਵਨ ਵਦੀ ਪੰਚਮੀ ਬੁਧਵਾਰ ਮੁਤਾਬਿਕ 23 ਜੁਲਾਈ 1913 ਨੂੰ ਗੋਗੁੰਦਾ ਪਿੰਡ ਵਿੱਚ ਹੋਇਆ। ਸੰਮਤ 1998 ਹਾੜ੍ਹ ਸੁਦੀ ਤੀਜ ਸ਼ੁਕਰਵਾਰ ਮੁਤਾਬਿਕ 27 ਜੂਨ, 1941 ਨੂੰ ਮਹਾਸਾਧਵੀ ਸ਼੍ਰੀ ਸੋਹਨਕੁੰਬਰ ਜੀ ਮਹਾਰਾਜ ਕੋਲ ਆਪ ਨੇ ਦੀਖਿਆ ਗ੍ਰਹਿਣ ਕੀਤੀ। ਬਿਕਰਮੀ ਸੰਮਤ 2039 ਮਾਘ ਸੁਦੀ ਤੀਜ ਵੀਰਵਾਰ ਮੁਤਾਬਿਕ 29 ਜਨਵਰੀ 1982 ਨੂੰ ਆਪ ਦਾ ਸਵਰਗਵਾਸ ਹੋਇਆ। ਆਪ ਸ਼੍ਰਮਣ ਸੰਘ ਦੇ ਤੀਸਰੇ ਪਟਧਰ ਆਚਾਰੀਆ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਦੀ ਪੂਜ ਮਾਤਾ ਜੀ ਸਨ। ਆਪ ਨੇ ਆਗਮਾ ਦਾ ਡੂੰਘਾ ਗਿਆਨ ਰਖਦੇ ਸਨ। ਬੁੱਧੀ ਤੇਜ ਸੀ। ਸਾਧਨਾ ਪ੍ਰਤੀ ਡੂੰਘੀ ਰੂਚੀ ਸੀ। ਅਨੇਕਾਂ ਗਦ, ਪਦ, ਰਚਨਾਵਾਂ ਆਪ ਦੀਆਂ ਛਪੀਆਂ ਹਨ।

# ਸਾਧਵੀ ਰਤਨ ਮਹਾਸਾਧਵੀ ਸ਼੍ਰੀ ਪੁਸ਼ਪਾਵਤੀ ਜੀ ਮਹਾਰਾਜ

ਸਾਧਵੀ ਰਤਨ ਮਹਾਸਾਧਵੀ ਸ਼੍ਰੀ ਪੁਸ਼ਪਾਵਤੀ ਜੀ ਮਹਾਰਾਜ ਤੇਜ ਬੁੱਧੀ ਦੀ ਧਨੀ ਜੈਨ ਸਾਧਵੀ ਹਨ। ਆਪ ਦਾ ਜਨਮ ਬਿਕਰਮ ਸੰਨ 1981 ਮੱਘਰ ਸੁਦੀ ਸੱਤਵੀਂ ਮੰਗਲਵਾਰ ਮੁਤਾਬਿਕ 18 ਨਵੰਬਰ 1924 ਨੂੰ ਉਦੇਪੁਰ ਵਿਖੇ ਹੋਇਆ। ਆਪ ਦੇ ਪੂਜ ਪਿਤਾ ਸ਼੍ਰੀ ਦਾ ਨਾਉਂ ਜੀਵਨ ਸਿੰਘ ਜੀ ਬਰੜੀਆ ਅਤੇ ਮਾਤਾ ਦਾ ਨਾਂ ਪ੍ਰੇਮਕੁੰਬਰ ਸੀ। ਬਿਕਰਮ ਸੰਮਤ 1994 ਦਿਨ ਸ਼ਨੀਵਾਰ ਮਾਘ ਸੁਦੀ ਤੇਰ੍ਹਾਂ ਮੁਤਾਬਿਕ 12 ਫਰਵਰੀ 1938 ਨੂੰ ਆਪਣੇ **ਸਦਗੁਰੂ** ਸ਼੍ਰੀ ਸੋਹਨਕੁੰਬਰ ਜੀ ਮਹਾਰਾਜ ਤੋਂ ਆਰਹਤੀ (ਜੈਨ) ਦੀਖਿਆ ਗ੍ਰਹਿਣ ਕੀਤੀ। ਹਿੰਦੀ, ਸੰਸਕ੍ਰਿਤ, ਪ੍ਰਾਕ੍ਰਿਤ ਦੀਆਂ ਉੱਚੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਆਪ ਸ਼੍ਰਮਣ ਸੰਘ ਦੇ ਤੀਸਰੇ ਪਟਧਰ ਆਚਾਰੀਆ ਸਮਰਾਟ ਸ਼੍ਰੀ ਦੇਵਿੰਦਰ ਮੁਨੀ ਜੀ ਮਹਾਰਾਜ ਦੀ ਸਕੀ ਭੈਣ ਸਨ। ਆਪ ਦੀਆਂ ਅਨੇਕ ਰਚਨਾਵਾਂ ਛਪ ਚੁੱਕੀਆਂ ਹਨ। **ਪੁਸ਼ਪਪਰਾਗ, ਖੋਲੋ ਮਨ ਕੇ ਦਵਾਰ** ਆਦਿ ਅਨੇਕ ਰਚਨਾਵਾਂ ਛਪੀਆਂ ਹਨ। ਆਪ ਦੀ ਭਾਸ਼ਣ ਕਲਾ ਮਨ ਮੋਹਣੀ ਹੈ। ਹਰ ਵਿਸ਼ੇ ਦੀ ਵਿਆਖਿਆ ਕਰਨ ਦਾ ਢੰਗ ਅਨੋਖਾ ਹੈ ਅਤੇ ਆਪ ਕਲਮ ਦੇ ਧਨੀ ਵੀ ਹਨ। ਆਗਮ -ਅਤੇ ਦਰਸ਼ਨ ਸ਼ਾਸ਼ਤਰ ਦਾ ਡੂੰਘਾ ਅਧਿਐਨ ਆਪ ਨੇ ਕੀਤਾ ਹੈ।

# ਬੰਦਨਾਂ

मंगलं भगवान वीरो, मंगलं गौत्तमो गणि:
मंगलं स्थूलिभेद्राद्या, जैनधर्मोस्तु मंगलं
सर्वमंगलमांगल्यं, सर्वकल्याणकारणम्
प्रधानं सर्व धर्माणां, जैन जयजि शासनम्

शिवमस्तु सर्व जगत: परहितनिरता भवन्तु भूतगणा:
दोषा: प्रयान्तु नाशं सर्वत्र सुखी भवतु लोक:

अर्हन्तो भगन्त इन्द्र महिता: सिद्धाश्च्र सिद्धिस्थिता:
आचार्या जिनशासनोर्न्नातकरा, पूज्या उपाध्यायका:
श्री सिद्धांन्त=सुपाठका मुनिवरा रत्नत्रया राध का
पञ्चैते परमंष्ठिन: प्रतिदिनं कुर्वन्तु नो मंगलम्

भवबीजांकुन जनना, रागद्या क्षयमुपागता यस्य
ब्रह्मा व विष्णूर्वा हऐ व चिनो व नमस्तस्मे

सकल शान्ति सुधारससागरं
युचितरं गुणरत्नमहाकरं
भविक पंकज वोध दिवाक्रम
प्रतिदिन प्रणमामि जिनेश्वरम्

# ਤਤਕਰਾ


| | | ਪੰਨਾ |
|---|---|---|
| 1. | ਜੈਨ ਧਰਮ - ਇਤਹਾਸਿਕ ਜਾਣਕਾਰੀ | 23 |
| 2. | ਜੈਨ ਆਚਾਰ ਸਿਧਾਂਤ | 41 |
| 3. | ਜੈਨ ਤੱਤਵ ਦਰਸ਼ਨ | 61 |
| 4. | ਜੈਨ ਸਾਹਿਤ | 88 |
| 5. | ਜੈਨ ਸੰਸਕ੍ਰਿਤੀ | 107 |
| | *ਜੈਨ ਪਰਿਭਾਸ਼ਿਕ ਸ਼ਬਦਕੋਸ਼* | 115 |

# ਜੈਨ ਧਰਮ : ਇਤਿਹਾਸਕ ਜਾਣਕਾਰੀ - 1

**ਜੈਨ ਧਰਮ ਦੀ ਮਹਾਨਤਾ :**

ਜੈਨ ਧਰਮ ਸੰਸਾਰ ਦਾ ਇੱਕ ਮਾਨਵਤਾਵਾਦੀ ਮਹਾਨ ਧਰਮ ਹੈ, ਵਿਗਿਆਨਕ ਦਰਸ਼ਨ ਹੈ, ਇਹ ਆਤਮਾ ਦੇ ਉਚਤਮ ਵਿਕਾਸ ਵਿਚ ਯਕੀਨ ਰੱਖਣ ਵਾਲਾ ਧਰਮ ਹੈ। ਜੋ ਸਾਧਕ ਅਤੇ ਸਾਧਨਾਂ ਦੋਹਾਂ ਦੀ ਪੱਵਿਤਰਤਾ ਅਤੇ ਨਿਰਮਲਤਾ ਵਿੱਚ ਵਿਸ਼ਵਾਸ ਰੱਖਦਾ ਹੈ। ਇਸ ਧਰਮ ਨੇ ਜਾਤਪਾਤ, ਵਰਣ ਅਤੇ ਵਰਗ ਦੀ ਭੇਦ-ਭਾਵਨਾ ਨੂੰ ਸਮਾਪਤ ਕਰਕੇ, ਮਨੁੱਖ ਦੀ ਅਧਿਆਤਮਕ ਸ਼ਕਤੀ ਨੂੰ ਵਿਕਾਸ ਦਾ ਸ਼ੁਭ ਅਵਸਰ ਦੇਣ ਦੀ ਘੋਸ਼ਣਾ ਕੀਤੀ ਹੈ। ਇਸੇ ਲਈ ਇਹ ਹੋਰ ਧਰਮਾਂ ਅਤੇ ਦਰਸ਼ਨਾਂ ਤੋਂ ਵਿਸ਼ੇਸ਼ ਹੈ। ਇਸ ਧਰਮ ਵਿਚ ਵਿਚਾਰ ਤੇ ਆਚਾਰ ਦੀ ਸ਼ੁੱਧੀ 'ਤੇ ਬਰਾਬਰ ਜੋਰ ਦਿੱਤਾ ਗਿਆ ਹੈ।

**ਜੈਨ ਧਰਮ ਦਾ ਇਤਿਹਾਸਕ ਸਰੂਪ :**

ਇਤਿਹਾਸਕ ਨਜ਼ਰ ਤੋਂ ਜੈਨ ਧਰਮ ਸੰਸਾਰ ਦਾ ਸਭ ਤੋਂ ਪ੍ਰਾਚੀਨ ਧਰਮ ਹੈ। ਇਸ ਨੂੰ ਅਨਾਦਿ ਤੇ ਅਨੰਤ ਆਖਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਧਰਮ ਨਾ ਵੇਦਿਕ ਧਰਮ ਦੀ ਸ਼ਾਖਾ ਹੈ ਅਤੇ ਨਾ ਬੁੱਧ ਧਰਮ ਦੀ, ਸਗੋਂ ਇਹ ਇਕ ਸਰਵਪੱਖੀ ਸੁਤੰਤਰ ਧਰਮ ਹੈ। ਪੁਰਾਤਤਵ, ਭਾਸ਼ਾ ਵਿਗਿਆਨ, ਸਾਹਿਤ ਅਤੇ ਤੱਤਵ ਵਿਗਿਆਨ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਵੈਦਿਕ ਕਾਲ ਤੋਂ ਪਹਿਲਾਂ ਵੀ ਭਾਰਤ ਵਿੱਚ ਇਕ ਬਹੁਤ ਹੀ ਵਿਸ਼ਾਲ ਸੰਸਕ੍ਰਿਤੀ ਸੀ, ਜਿਸ ਨੂੰ ਬਾਹਰੋਂ ਆਉਣ ਵਾਲੇ ਅਖੌਤੀ ਆਰੀਆ ਨੇ ਅਨਾਰੀਆ ਸੰਸਕ੍ਰਿਤੀ ਆਖਿਆ। ਵਿਦਵਾਨਾ ਦਾ ਮਤ ਹੈ ਕਿ ਅਨਾਰੀਆ ਸੰਸਕ੍ਰਿਤੀ ਅਰਥਾਤ ਇਸ ਜਗਤ ਦੀ ਮੂਲ ਸੰਸਕ੍ਰਿਤੀ ਸ਼੍ਰਮਣ ਸੰਸਕ੍ਰਿਤੀ ਜਾਂ ਜੈਨ ਸੰਸਕ੍ਰਿਤੀ ਸੀ। ਵੇਦ ਅਤੇ ਅਵੇਸਤਾ ਵਿੱਚ ਜਿਨ੍ਹਾਂ ਘਟਨਾਵਾਂ ਦਾ ਵਰਨਣ ਹੈ, ਉਸੇ ਪੱਖੋਂ ਅਜਿਹਾ ਮੰਨਿਆ ਜਾਦਾ ਹੈ ਕਿ ਆਰੀਆ ਭਾਰਤ ਤੋਂ ਬਾਹਰੋਂ ਆਏ ਸਨ। ਭਾਰਤ ਵਿੱਚ ਆਉਣ ਤੇ ਵਰਾਤਿਆ, ਅਸੁਰ, ਦਾਸ ਅਤੇ ਦਸੂਯੂ ਜਿਹੀਆਂ ਉੱਚ-ਸੰਸਕ੍ਰਿਤੀਆਂ ਭਰਪੂਰ ਜਾਤੀਆਂ ਨਾਲ ਉਨ੍ਹਾਂ ਨੂੰ ਸਘੰਰਸ਼ ਕਰਨਾ ਪਿਆ। ਵੇਦਾਂ ਵਿੱਚ ਉਹਨਾਂ ਦੇ ਵਿਸ਼ਾਲ ਨਗਰਾਂ ਅਤੇ ਵਿਸ਼ਾਲ ਕਾਰੋਬਾਰ ਦਾ ਜ਼ਿਕਰ ਕੀਤਾ ਹੈ। ਉਹਨਾਂ ਦੇ ਆਰੀਆ ਜਾਤੀ ਨਾਲ ਅਨੇਕਾਂ ਯੁੱਧ ਹੋਏ ਸਨ। ਰਿਗ ਵੇਦ ਵਿੱਚ ਆਰੀਆ ਦਿਵੋਦਾਸ ਅਤੇ ਪੁਰੁਕੁਤਸ ਦੇ ਯੁੱਧ

ਦਾ ਵਰਨਣ ਹੈ, ਜਿਸ ਵਿੱਚ ਇਨ੍ਹਾਂ ਨੇ ਅਨਾਰੀਆ ਜਾਤੀਆਂ ਨੂੰ ਹਰਾਇਆ ਸੀ। ਪਿਛੋਂ ਹੋਰ ਵੈਦਿਕ ਸਾਹਿਤ ਵਿੱਚ ਵੀ ਇਸ ਤਰ੍ਹਾਂ ਦੇ ਹਵਾਲੇ ਮਿਲਦੇ ਹਨ।

ਮੋਹਨਜੋਦੜੋ ਤੇ ਹੜੱਪਾ ਦੇ ਖੰਡ੍ਹਰਾਂ ਨੇ ਪੁਰਾਤੱਤਵ ਖੇਤਰ ਵਿੱਚ ਇੱਕ ਨਵੀਂ ਕ੍ਰਾਂਤੀ ਪੈਦਾ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਸਾਰੇ ਪ੍ਰਾਚੀਨ ਧਰਮ ਤੇ ਦਰਸ਼ਨਾਂ ਦਾ ਸੰਬੰਧ ਆਰੀਆ ਨੂੰ ਮੰਨਿਆ ਜਾਂਦਾ ਸੀ। ਪਰ ਖੁਦਾਈ ਤੋਂ ਪ੍ਰਾਪਤ ਸਾਮੱਗਰੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਆਰੀਆ ਦੇ ਭਾਰਤ ਆਉਣ ਤੋਂ ਪਹਿਲਾਂ ਇਥੋਂ ਦੀ ਸੰਸਕ੍ਰਿਤੀ, ਸਭਿਅਤਾ, ਧਰਮ ਤੇ ਦਰਸ਼ਨ ਬਹੁਤ ਹੀ ਉਨੱਤ ਸੀ। ਉਹ ਲੋਕ ਸਭਿਅਤਾ, ਸੰਸਕ੍ਰਿਤੀ , ਕਲਾ ਦੇ ਧਨੀ ਹੀ ਨਹੀਂ ਸਨ, ਸਗੋਂ ਉਹ ਆਤਮ ਵਿਦਿਆ ਦੇ ਡੂੰਘੇ ਅਭਿਆਸੀ ਵੀ ਸਨ। ਪੁਰਾਤੱਤਵ ਵਿਦਵਾਨ ਦਾ ਇਹ ਮੱਤ ਹੈ ਕਿ ਜੋ ਖੰਡ੍ਹਰ ਮਿਲੇ ਹਨ, ਉਨ੍ਹਾਂ ਦਾ ਸੰਬੰਧ ਸੰਸਕ੍ਰਿਤੀ (ਜੈਨ ਸੰਸਕ੍ਰਿਤੀ) ਨਾਲ ਹੈ। ਡਾ. ਹੇਰਾਸ ਅਤੇ ਪ੍ਰੋਫੇਸਰ ਸ਼੍ਰੀ ਕੰਠ ਸ਼ਾਸਤਰੀ ਆਦਿ ਦਾ ਵੀ ਇਹੋ ਮਤ ਹੈ।[1]

ਰਿਗ ਵੇਦ ਤੋਂ ਇਹ ਵੀ ਪਤਾ ਚਲਦਾ ਹੈ ਕਿ ਭਾਰਤ ਵਿੱਚ ਦੋ ਸੰਸਕ੍ਰਿਤੀਆਂ ਸਨ। ਪਹਿਲਾਂ ਉਨ੍ਹਾਂ ਵਿੱਚ ਸੰਘਰਸ਼ ਹੋਇਆ। ਬਾਅਦ ਵਿਚ ਇਹੋ ਸੰਘਰਸ਼ ਆਪਸੀ ਪਿਆਰ ਦੇ ਮਾਹੌਲ ਵਿੱਚ ਬਦਲ ਗਿਆ। ਇਹੋ ਦੋਹਾਂ ਸੰਸਕ੍ਰਿਤਿਆ ਆਰੀਆ ਤੇ ਅਨਾਰੀਆ ਨਾਲ ਪ੍ਰਸਿੱਧ ਹੋਈਆ। ਆਰੀਆ ਸੰਸਕ੍ਰਿਤੀ ਵੈਦਿਕ ਸੰਸਕ੍ਰਿਤੀ ਹੈ ਅਤੇ ਅਨਾਰੀਆ ਸ਼੍ਰਮਣ ਸੰਸਕ੍ਰਿਤੀ ਹੈ।

ਰਿਗਵੇਦ ਵਿੱਚ ਵਾਰਹਤ ਅਤੇ ਆਰਹਤ ਸ਼ਬਦਾਂ ਦਾ ਇਸਤੇਮਾਲ ਹੋਇਆ ਹੈ। 'ਵਾਰਹਤ' ਫਿਰਕੇ ਦੇ ਉਪਾਸਕ ਵੇਦਾਂ ਨੂੰ ਮੰਨਦੇ ਸਨ ਅਤੇ ਯੱਗ, ਹਵਨ ਆਦਿ ਵਿੱਚ ਉਹਨਾਂ ਦਾ ਵਿਸ਼ਵਾਸ਼ ਸੀ। 'ਆਰਹਤ' ਵੇਦ ਅਤੇ ਯੱਗ, ਹਵਨ ਆਦਿ ਵਿੱਚ ਵਿਸ਼ਵਾਸ਼ ਨਹੀਂ ਸਨ ਰੱਖਦੇ। ਉਹ ਅਹਿੰਸਾ ਅਤੇ ਦਿਆ ਵਿੱਚ ਵਿਸ਼ਵਾਸ਼ ਰੱਖਦੇ ਸਨ। ਉਹ ਅਰਹਤ ਉਪਾਸਕ ਸਨ। ਵਿਸ਼ਨੂੰ ਪੁਰਾਣ ਅਨੁਸਾਰ ਆਰਹਤ ਕਰਮ ਕਾਂਡ ਦੇ ਵਿਰੋਧੀ ਸਨ ਅਤੇ ਅਹਿੰਸਾ ਦੇ ਸੰਸਥਾਪਕ ਸਨ।[2] ਪਦਮ ਪੁਰਾਣ, ਭਾਗਵਤ[3] ਆਦਿ ਗ੍ਰੰਥਾਂ ਵਿੱਚ ਵੀ ਆਰਹਤ ਸੰਬੰਧੀ ਅਨੇਕਾਂ ਸਬੂਤ ਮਿਲਦੇ ਹਨ। ਆਰਹਤ ਫਿਰਕਾ ਜੈਨ ਫਿਰਕਾ ਹੀ ਸੀ।

---

1. *ਭਾਰਤੀ ਇਤਿਹਾਸ -ਇਕ ਦਰਿਸ਼ਟੀ -ਡਾ. ਜਯੋਤੀ ਪ੍ਰਸਾਦ ਜੈਨ ਪੰਨਾ 28*
2. *आर्हतं सर्वमेतच्च मुक्तिद्वारम संवृतम्*
   *धर्माद् विमुक्तेरहौऽय नेतस्मादपर:पर: (ਵਿਸਣੂ ਪੁਰਾਣ 3/18/12)*
3. *ਪਦਮਪੁਰਾਣ 13/350*

ਆਰਹਤ ਫਿਰਕੇ ਨੂੰ ਆਰਣਯਕ ਯੁੱਗ ਤੱਕ ਵਾਤਰਸਨਾ ਮੁਨੀ ਜਾਂ ਵਰਾਤਿਆ ਕਿਹਾ ਜਾਣ ਲੱਗਾ। ਵਰਾਤਿਆ ਦਾ ਅਰਥ ਹੈ 'ਵਰਤਾਂ ਦਾ ਪਾਲਨ ਕਰਨ ਵਾਲੇ।' ਅਥਰਵੇਦ ਵਿੱਚ ਬ੍ਰਹਮਚਾਰੀ, ਬ੍ਰਾਹਮਣ ਵਿਸ਼ੇਸ਼ ਪੁਨਵਾਨ, ਵਿਦਵਾਨ, ਸੰਸਾਰ ਦਾ ਮਾਨਯੋਗ ਪੁਰਸ਼ ਵਰਾਤਿਆ ਅਖਵਾਉਂਦਾ ਸੀ।[4] ਰਿਗਵੇਦ ਵਿੱਚ ਜਿਨ੍ਹਾਂ ਵਾਤਰਸ਼ਨਾ ਮੁਨੀਆਂ ਦਾ ਜ਼ਿਕਰ ਹੈ ਉਹ ਆਰਹਤ ਹੀ ਹੋਣੇ ਚਾਹੀਦੇ ਹਨ। ਆਚਾਰੀਆ ਸਾਯਨ ਨੇ ਵਾਤਰਸ਼ਨਾ ਮੁਨੀਆਂ ਨੂੰ ਅਤਿੰਇੰਦਰੀਆਰਥਦਰਸ਼ੀ ਆਖਿਆ ਹੈ।[5] ਕੇਸ਼ੀ ਤੇ ਮੁਨੀ ਵੀ ਵਰਾਤਿਆ ਹੈ।[6] ਸ਼੍ਰੀਮਦ ਭਗਵਤ ਵਿੱਚ ਇਨ੍ਹਾਂ ਮੁਨੀਆਂ ਦੇ ਪ੍ਰਮੁੱਖ ਧਰਮ ਨੇਤਾ ਨੂੰ ਰਿਸ਼ਭ ਦੇਵ ਕਿਹਾ ਗਿਆ ਹੈ, ਜੋ ਨਾਭੀ ਪੁੱਤਰ ਸਨ।[7] ਇਸ ਤੋਂ ਛੁੱਟ ਹੋਰ ਸਬੂਤ ਵੀ ਜੈਨ ਧਰਮ ਦੀ ਪੁਰਾਤਨਤਾ ਨੂੰ ਸਿੱਧ ਕਰਦੇ ਹਨ।

ਜੈਨ ਸਾਹਿਤ ਵਿੱਚ ਵੀ ਜੈਨ ਤੀਰਥੰਕਰਾਂ ਦੇ ਲਈ ਅਰਹਤ ਸ਼ਬਦ ਦਾ ਇਸਤੇਮਾਲ ਹੋਇਆ ਹੈ[8] ਅਤੇ ਉਸ ਅਰਹਤ ਸ਼ਬਦ ਦਾ ਪ੍ਰਯੋਗ ਮੁੱਖ ਰੂਪ ਵਿੱਚ ਭਗਵਾਨ ਪਾਰਸ਼ਵ ਨਿਰਗਰੰਥ ਸ਼ਬਦ ਮੁੱਖ ਰੂਪ ਵਿੱਚ ਪ੍ਰਚਲਿਤ ਹੋਇਆ।[9] ਬੁੱਧ ਸਾਹਿਤ ਵਿੱਚ ਨਿਰਗਰੰਥ ਨਾਥ ਪੁੱਤਰ-ਨਿਗੰਠ ਨਾਤਪੁਤ ਆਖਿਆ ਗਿਆ ਹੈ।[10] ਅਸ਼ੋਕ ਦੇ ਸ਼ਿਲਾਲੇਖਾਂ ਵਿੱਚ ਵੀ ਨਿਗੰਠ ਸ਼ਬਦ ਵਰਤਿਆ ਗਿਆ ਹੈ।[11] ਭਗਵਾਨ ਮਹਾਵੀਰ ਤੋਂ ਬਾਅਦ 8 ਗਣਧਰਾ ਅਤੇ ਆਚਾਰੀਆ ਦੇ ਸਮੇਂ ਤਕ ਨਿਰਗਰੰਥ ਸ਼ਬਦ ਹੀ ਮੁੱਖ ਰੂਪ ਵਿੱਚ ਵਰਤਿਆ ਜਾਂਦਾ ਰਿਹਾ। ਵੈਦਿਕ ਗਰੰਥਾਂ ਵਿੱਚ ਵੀ 'ਨਿਰਗਰੰਥ' ਸ਼ਬਦ ਦਾ ਪ੍ਰਯੋਗ ਹੋਇਆ ਹੈ। ਸਤਵੀਂ ਸਦੀ ਵਿੱਚ ਬੰਗਾਲ ਵਿੱਚ ਨਿਰਗਰੰਥ ਫਿਰਕਾ ਬਹੁਤ ਪ੍ਰਭਾਵਸ਼ਾਲੀ ਫਿਰਕਾ ਸੀ।

---

*4. ਅਥਰਵਵੇਦ ਸ਼ਾਇਣ ਭਾਸ਼ਯ 15/1/1/1*

*5. ਸਾਇਣ ਭਾਸ਼ਯ 10, 136, 2*

*6. ਰਿਗਵੇਦ 10-11-1, 36-1*

*7. ਸ਼੍ਰੀਮਦ ਭਗਵਤ 5-6 -20*

*8. ਕਲਪਸੂਤਰ (ਦੇਵਿੰਦਰ ਮੁਨੀ ਸੰਪਾਦਤ) ਪੰਨਾ 161-62*

*9. ੳ) ਆਚਾਰੰਗ 1-3-1-108*

*(ਅ) ਭਗਵਤੀ 1-6-386*

*10. ੳ) ਦੀਰਘਨਿਕਾਏ ਸਾਮਾਝਫਲ ਸੁਤ 18-21*

*ਅ) ਵਿਨੇਪਿਟਕ ਮਹਾਵਗ ਪੰਨਾ 242*

*11. इमे वियापरा हो हति त्ति निग्गंठेसु पि-मेकटे*

*ਪ੍ਰਾਚੀਨ ਭਾਰਤੀ ਅਭਿਲੇਖਾਂ ਦਾ ਅਧਿਐਨ, ਭਾਗ-2, ਪੰਨਾ-15*

## 'ਜੈਨ ਧਰਮ' ਸ਼ਬਦ ਦਾ ਇਸਤੇਮਾਲ :

ਦਸ਼ਵੈਕਾਲੀਕ, ਉਤਰਾਧਿਐਨ ਅਤੇ ਸੂਤਰਕ੍ਰਿਤਾਂਗ ਆਗਮ ਸਾਹਿਤ ਵਿੱਚ ਜਿਨ ਸਾਸ਼ਨ, ਜਿਨ ਮਾਰਗ, ਜਿਨ ਪ੍ਰਵਚਨ ਸ਼ਬਦ ਵਰਤੇ ਗਏ ਹਨ। ਪਰ ਜੈਨ ਧਰਮ ਸ਼ਬਦ ਦਾ ਪਹਿਲੀ ਵਾਰ ਇਸਤੇਮਾਲ ਵਿਸ਼ੇਸ਼ਕ ਭਾਸ਼ਯ ਵਿੱਚ ਹੋਇਆ ਹੈ।[12] ਇਹ ਗਰੰਥ ਵਿਕਰਮ ਸੰਮਤ 845 ਦੀ ਰਚਨਾ ਹੈ।

ਮਤੱਸਯ ਪੁਰਾਣ[13] ਵਿੱਚ ਜਿਨ ਧਰਮ ਅਤੇ ਦੇਵੀ ਭਾਗਵਤ[14] ਵਿੱਚ ਜੈਨ ਧਰਮ ਦਾ ਉੱਲੇਖ ਹੈ। ਸਾਰ ਇਹ ਹੈ ਕਿ ਦੇਸ਼ ਕਾਲ ਦੇ ਹਾਲਾਤ ਅਨੁਸਾਰ ਸ਼ਬਦਾਂ ਵਿੱਚ ਬਦਲਾਉ ਆਉਂਦਾ ਰਿਹਾ ਹੈ। ਪਰ ਸ਼ਬਦਾਂ ਦੇ ਬਦਲਣ ਨਾਲ ਜੈਨ ਧਰਮ ਦੇ ਅੰਦਰਲੇ ਰੂਪ ਵਿਚ ਬਦਲਾਉ ਨਹੀਂ ਆਇਆ। ਪ੍ਰੰਪਰਾ ਪੱਖੋਂ ਜੈਨ ਧਰਮ ਦਾ ਸੰਬੰਧ ਭਗਵਾਨ ਰਿਸ਼ਭਦੇਵ ਨਾਲ ਹੈ। ਜਿਵੇਂ ਸ਼ਿਵ ਤੋਂ ਸ਼ੈਵ, ਵਿਸ਼ਨੂੰ ਤੋਂ ਵੈਸ਼ਨਵ ਅਤੇ ਬੁੱਧ ਤੋਂ ਬੁੱਧ ਧਰਮ ਪ੍ਰਚਲਿਤ ਹੋਏ ਹਨ, ਇਸੇ ਤਰ੍ਹਾਂ ਜੈਨ ਧਰਮ ਕਿਸੇ ਖਾਸ ਸਖਸ਼ੀਅਤ ਦੇ ਨਾਂ ਤੇ ਚਾਲੂ ਨਹੀਂ ਹੋਇਆ, ਨਾ ਹੀ ਇਹ ਧਰਮ ਕਿਸੇ ਖਾਸ ਵਿਅਕਤੀ ਦੀ ਪੂਜਾ ਕਰਦਾ ਹੈ। ਇਸ ਧਰਮ ਨੂੰ ਰਿਸ਼ਭਦੇਵ, ਪਾਰਸ਼ਵਨਾਥ ਜਾਂ ਮਹਾਵੀਰ ਦਾ ਧਰਮ ਨਹੀਂ ਆਖਿਆ ਜਾ ਸਕਦਾ। ਇਹ ਅਰਹਤਾਂ ਦਾ ਧਰਮ ਹੈ। ਆਤਮ ਜੇਤੂਆਂ ਦਾ ਧਰਮ ਹੈ। ਇਸ ਲਈ ਇਹ ਜੈਨ ਧਰਮ ਹੈ। ਜੈਨ ਧਰਮ ਦਾ ਸਪੱਸ਼ਟ ਮੱਤ ਹੈ ਕਿ ਕੋਈ ਵੀ ਆਦਮੀ ਅਧਿਆਤਮਿਕ ਤਰੱਕੀ ਕਰਕੇ ਮਨੁੱਖ ਤੋਂ ਮਹਾਂਮਨੁੱਖ, ਆਤਮਾ ਤੋਂ ਪ੍ਰਮਾਤਮਾ ਅਤੇ ਜਨ (ਮਨੁੱਖ) ਤੋਂ ਜਿਨ (ਜੇਤੂ) ਬਣ ਸਕਦਾ ਹੈ, ਤੀਰਥੰਕਰ ਬਣ ਸਕਦਾ ਹੈ, ਜਿਨ ਤੋਂ ਕੇਵਲੀ (ਗਿਆਨੀ) ਬਣ ਸਕਦਾ ਹੈ।

---

*12. ੳ) ਜੇਣ ਤਿਥੰ ਵਿਸ਼ੇਸ਼ਾਵਸ਼ਕ ਭਾਸ਼ਯ ਗਾਥਾ 1043*

*ਅ) ਤਿਤਥ ਜੲਣੰ - ਓਹੀ ਗਾਥਾ 1045 -1046*

*13. ਮੱਤਸਿਆਪੁਰਾਣ 4/13/54*

*14. गत्वाथ मोहयामस रपिपुत्रान् बृहस्पति*

*. . . . . . . . . . . . . . . . . . . . .*

*जैन धर्म क्रत स्वेन यज्ञ निन्दा पर तथा*

*ਦੇਵੀ ਭਾਗਵਤ 4/13/58*

**ਤੀਰਥੰਕਰ :**

'ਤੀਰਥੰਕਰ' -ਜੈਨ ਧਰਮ ਦਾ ਪ੍ਰਾਚੀਨਤਮ ਪਰਿਭਾਸ਼ਕ ਸ਼ਬਦ ਹੈ। ਆਦਿ ਤੀਰਥੰਕਰ ਰਿਸ਼ਭਦੇਵ ਦੇ ਲਈ ਵੀ **ਤਿਥਯਰ** ਸ਼ਬਦ ਇਸਤੇਮਾਲ ਹੋਇਆ ਹੈ। ਜੈਨ ਪ੍ਰੰਪਰਾ ਵਿੱਚ ਇਸ ਸ਼ਬਦ ਦੀ ਪ੍ਰਮੁੱਖਤਾ ਹੋਣ ਕਾਰਨ ਇਸ ਸ਼ਬਦ ਦਾ ਪ੍ਰਯੋਗ ਬੁੱਧ ਸਾਹਿਤ ਵਿੱਚ ਵੀ ਹੋਇਆ ਹੈ। ਤੀਰਥੰਕਰ ਦਾ ਅਰਥ ਹੈ ਜੋ ਤੀਰਥ ਦਾ ਕਰਤਾ ਜਾਂ ਨਿਰਮਾਤਾ ਹੋਵੇ। ਜੋ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ ਧਰਮ ਤੀਰਥ ਦੀ ਸਥਾਪਨਾ ਕਰਦੇ ਹਨ, ਉਹ ਵਿਸ਼ੇਸ਼ ਵਿਅਕਤੀ ਤੀਰਥੰਕਰ ਕਹਾਉਂਦੇ ਹਨ। ਅਹਿੰਸਾ, ਅਸਤੇ (ਚੋਰੀ ਨਾ ਕਰਨਾ), ਬ੍ਰਹਮਚਰਯ ਅਤੇ ਅਪਰਿਗ੍ਰਹਿ (ਜ਼ਰੂਰਤ ਤੋਂ ਜ਼ਿਆਦਾ ਚੀਜਾਂ ਨਾ ਇੱਕਠਾ ਕਰਨਾ) ਇਹ ਧਰਮ ਹੈ। ਇਨ੍ਹਾਂ ਧਰਮਾਂ ਨੂੰ ਧਾਰਨ ਕਰਨ ਵਾਲੇ ਸ੍ਰਮਣ (ਸਾਧੂ) ਸ੍ਰਮਣੀ (ਸਾਧਵੀ) ਸ੍ਰਾਵਕ (ਉਪਾਸਕ) ਸ੍ਰਾਵਿਕਾ (ਉਪਾਸਿਕਾ) ਦੇ ਇਸ ਬਹੁਮੁਖੀ ਸੰਘ ਨੂੰ ਧਰਮ ਤੀਰਥ ਆਖਦੇ ਹਨ।[15]

ਸੰਸਕ੍ਰਿਤ ਸਾਹਿਤ ਵਿੱਚ **ਤੀਰਥ** ਸ਼ਬਦ ਘਾਟ ਦੇ ਲਈ ਪ੍ਰਯੋਗ ਕੀਤਾ ਗਿਆ ਹੈ। ਨਾਲ ਹੀ ਸੰਸਾਰ ਸਮੁੰਦਰ ਵਿੱਚ ਦੁਖੀ ਪ੍ਰਾਣੀਆਂ ਨੂੰ ਪਾਰ ਉਤਾਰਨ ਵਾਲੇ ਮਾਰਗ ਨੂੰ ਤੀਰਥ ਕਿਹਾ ਗਿਆ ਹੈ।[16] ਉਸ ਮਾਰਗ ਦੀ ਆਸਾਨ ਵਿਆਖਿਆ ਕਰਨ ਵਾਲੇ ਤੀਰਥੰਕਰ ਹਨ।[17] ਜੈਨ ਧਰਮ ਅਨੁਸਾਰ ਉਹ ਸੰਸਾਰ ਦੀ ਮੋਹ ਮਾਇਆ ਨੂੰ ਛੱਡ ਕੇ ਅਖੰਡ ਅਧਿਆਤਮਕ ਸਾਧਨਾ ਵਿੱਚ ਸਿੱਧੀ ਪ੍ਰਾਪਤ ਕਰ ਪਰਦੇ ਤੋਂ ਰਹਿਤ ਸੰਪੂਰਨ ਗਿਆਨ ਪ੍ਰਾਪਤ ਕਰਦੇ ਹਨ। ਫ਼ਿਰ ਸੰਸਾਰ ਦੇ ਸਾਰੇ ਜੀਵਾਂ ਦੇ ਲਈ ਧਰਮ ਦਾ ਉਪਦੇਸ਼ ਦਿੰਦੇ ਹਨ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੈਨ ਧਰਮ ਨੇ ਤੀਰਥੰਕਰ ਨੂੰ ਈਸ਼ਵਰ ਦਾ ਅਵਤਾਰ ਨਹੀਂ ਮੰਨਿਆ ਅਤੇ ਨਾ ਹੀ ਦੇਵੀ ਸ਼੍ਰਿਸ਼ਟੀ ਦਾ ਅਦਭੁੱਤ ਪ੍ਰਾਣੀ ਮੰਨਿਆ ਗਿਆ ਹੈ। ਜੈਨ ਧਰਮ ਦਾ ਮੱਤ ਹੈ ਕਿ ਤੀਰਥੰਕਰ ਸਾਡੀ ਤਰ੍ਹਾਂ

---

15. *ੳ) ਭਗਵਤੀ 2-8-682 (ਅ) ਸਥਾਨਾਂਗ 4/3/*
    *ੲ) ਜੰਬੂਦੀਪਰਿਗਿਆਪਤੀ - ਉਸਹੱਚਰਿੰਯ।*
16. *तरन्ति महार्णवं येन निमितेन तत्तीर्थम्*
    *(-ਯੁਕਤਯਨੁ.ਟੀ.62)*
17. *तीर्यते संसार समुद्रोऽनेननि तीर्थम्*
    *तत्करणशीलास्तीर्थकरा:*
    *( ਜੀਵਾਭਿਗਮ ਮਲਯਗਿਰਿ ਵਿਰਤੀ 2-142 ਪੰਨਾ 255)*

ਹੀ ਇੱਕ ਦਿਨ ਆਮ ਆਤਮਾ ਦੇ ਰੂਪ ਵਿੱਚ ਪਾਪਾਂ ਦੇ ਚਿੱਕੜ ਵਿਚ ਫਸੇ ਸਨ। ਕਸ਼ਾਏ, ਕਾਮ, ਕਰੋਧ ਆਦਿ ਨਾਲ ਲਿਬੜੇ ਸਨ। ਪਰ ਸਤਿਸੰਗ ਰਾਹੀਂ ਭੇਦ ਵਿਗਿਆਨ (ਆਤਮਾ ਤੇ ਸ਼ਰੀਰ ਦਾ ਗਿਆਨ) ਪ੍ਰਾਪਤ ਹੋਣ ਤੇ ਤੱਤਵ (ਧਰਮ) ਪ੍ਰਤੀ ਰੁਚੀ ਜਾਗਰਿਤ ਹੋਈ। ਆਤਮਾ ਸਵਰੂਪ ਦਾ ਗਿਆਨ ਪ੍ਰਗਟ ਹੋਇਆ, ਤਾਂ ਉਨ੍ਹਾਂ ਵਾਸਨਾ ਨੂੰ ਛੱਡ ਕੇ ਉਪਾਸਨਾ ਨੂੰ ਗ੍ਰਹਿਣ ਕੀਤਾ। ਉੱਚੀ ਤਪ ਤੇ ਸੰਜਮ ਦੀ ਅਰਾਧਨਾ ਕੀਤੀ ਅਤੇ ਇੱਕ ਦਿਨ ਆਤਮਾ ਭਾਵਾਂ ਦੀ ਪਰਮ ਨਿਰਮਲਤਾ (ਪੱਵਿਤਰਤਾ) ਨਾਲ ਤੀਰਥੰਕਰ ਨਾਮ ਕਰਮ ਨੂੰ ਪ੍ਰਾਪਤ (ਬੰਧ) ਕੀਤਾ ਅਤੇ ਫ਼ੇਰ ਉਹ ਤੀਸਰੇ ਭਵ (ਜਨ) ਵਿੱਚ ਤੀਰਥੰਕਰ ਬਣੇ। ਪਰ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਜਦ ਤੱਕ ਉਹ ਭੋਗ-ਵਿਲਾਸ ਵਿੱਚ ਉਲਝੇ ਹੋਏ ਸਨ, ਤਦ ਤੱਕ ਉਹ ਤੀਰਥੰਕਰ ਨਹੀਂ ਮੰਨੇ ਜਾਂਦੇ ਸਨ। ਤੀਰਥੰਕਰ ਬਣਨ ਲਈ ਆਖਰੀ ਜਨਮ ਵਿੱਚ ਰਾਜ ਸੁੱਖ, ਸੰਸਾਰਿਕ ਵਿਸ਼ੇ ਵਿਕਾਰਾਂ ਨੂੰ ਛੱਡਣਾ ਪੈਂਦਾ ਹੈ। ਉਚੀ ਸਾਧਨਾ ਕਰਨੀ ਪੈਂਦੀ ਹੈ ਅਤੇ ਜਦ ਗਿਆਨ-ਦਰਸ਼ਨ ਦੀ ਰੁਕਾਵਟ ਸ਼ਕਤੀ ਦਾ ਪਰਦਾ ਹਟ ਜਾਂਦਾ ਹੈ, ਮੋਹ ਨਸ਼ਟ ਹੋ ਜਾਂਦਾ ਹੈ ਤਦ ਹੀ ਉਹ ਚਾਰ ਪ੍ਰਕਾਰ ਦੇ ਤੀਰਥ ਦੀ ਸਥਾਪਨਾ ਕਰਕੇ ਤੀਰਥੰਕਰ ਅਖਵਾਉਂਦੇ ਹਨ।

<u>ਉਤਾਰਵਾਦ :</u>

ਇਸ ਪ੍ਰਕਾਰ ਜੈਨ ਧਰਮ ਦਾ ਵਿਸ਼ਵਾਸ਼ ਅਵਤਾਰਵਾਦ ਵਿੱਚ ਨਹੀਂ ਸਗੋਂ ਉਤਾਰਵਾਦ ਵਿੱਚ ਹੈ। ਉਤਾਰਵਾਦ ਦਾ ਅਰਥ ਹੈ - ਮਾਨਵ ਦਾ ਵਿਕਾਰੀ ਜੀਵਨ ਤੋਂ ਉਪਰ ਉਠ ਕੇ ਭਗਵਾਨ ਦੇ ਵਿਕਾਰ ਰਹਿਤ ਰੂਪ ਤੱਕ ਪਹੁੰਚਣ ਜਿਥੋਂ ਉਹ ਮੁੜ ਵਿਕਾਰ ਦਸ਼ਾ ਨੂੰ ਪ੍ਰਾਪਤ ਨਹੀਂ ਕਰਦਾ। ਤੀਰਥੰਕਰ ਬਣਨ ਦੇ ਲਈ ਅੰਦਰਲੀਆਂ ਸ਼ਕਤੀਆਂ ਦਾ ਵਿਕਾਸ ਕਰਨਾ ਅਤਿ ਜ਼ਰੂਰੀ ਹੈ। ਆਤਮ ਸ਼ਕਤੀਆਂ ਦਾ ਸੰਪੂਰਨ ਵਿਕਾਸ ਹੋਣ ਤੇ ਕੋਈ ਵੀ ਆਤਮਾ ਸਰਵੱਗ (ਸਭ ਕੁਝ ਜਾਨਣ ਤੇ ਵੇਖਣ ਵਾਲੀ) ਤੀਰਥੰਕਰ ਜਾਂ ਜਿਨ (ਜੇਤੂ) ਬਣ ਸਕਦੀ ਹੈ।

ਜੈਨ ਧਰਮ ਦਾ ਇਹ ਸਪਸ਼ਟ ਮਤ ਹੈ ਕਿ ਆਤਮ ਵਿਕਾਸ ਦੀ ਦ੍ਰਿਸ਼ਟੀ ਤੋਂ ਤੀਰਥੰਕਰ ਅਤੇ ਸਾਧਾਰਣ ਅਰਿਹੰਤ ਜਾਂ ਸਰਵੱਗ ਵਿੱਚ ਕੋਈ ਫ਼ਰਕ ਨਹੀਂ ਹੈ। ਪਰ ਤੀਰਥੰਕਰਾਂ ਵਿੱਚ ਬਾਹਰੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਪਿਛਲੇ ਜਨਮਾਂ ਦੇ ਪੁੰਨਾਂ ਕਾਰਨ ਪ੍ਰਾਪਤ ਹੁੰਦੀਆਂ ਹਨ। ਹੋਰ ਮੁਕਤ ਆਤਮਾਵਾਂ ਤੀਰਥੰਕਰਾਂ ਦੀ ਤਰ੍ਹਾਂ ਧਰਮ ਪ੍ਰਚਾਰ ਨਹੀਂ ਕਰ ਸਕਦੀਆਂ। ਇੱਕ ਸਮੇਂ ਵਿੱਚ ਇੱਕ ਸਥਾਨ ਤੇ ਸਰਵੱਗ ਅਨੇਕਾਂ ਹੋ ਸਕਦੇ ਹਨ ਪਰ ਤੀਰਥੰਕਰ ਇੱਕ ਹੀ ਹੋ ਸਕਦਾ ਹੈ।

ਜੈਨ ਆਗਮਾ ਦੀ ਦ੍ਰਿਸ਼ਟੀ ਤੋਂ ਸੰਸਾਰ ਪਰਿਵਰਤਨਸ਼ੀਲ ਹੈ। ਇਸ ਪਰਿਵਰਤਨ ਦੀ ਉਪਮਾ ਚੱਕਰ ਨਾਲ ਕੀਤੀ ਗਈ ਹੈ। ਉਸ ਵਿੱਚ ਲਗਾਤਾਰ ਉਨਤੀ, ਘੱਟ-ਉਨਤੀ, ਵਿਕਾਸ ਤੇ ਪਤਨ ਦਾ ਸਿਲਸਿਲਾ ਚਲਦਾ ਰਹਿੰਦਾ ਹੈ।

ਇਸ ਸਿਲਸਿਲੇ ਨੂੰ ਬਾਰਾਂ ਆਰਿਆਂ ਦੇ ਰੂਪ ਵਿੱਚ ਵੰਡਿਆ ਗਿਆ ਹੈ। ਉਨਤੀ ਨੂੰ ਉਤਸਪਰਨੀ ਕਾਲ ਅਤੇ ਪਤਨ ਨੂੰ ਅਵਸਪਰਨੀ ਕਾਲ ਕਿਹਾ ਜਾਂਦਾ ਹੈ। ਹਰ ਕਾਲ ਦੇ 6-6 ਆਰੇ ਹਨ। ਇਨ੍ਹਾਂ ਆਰਿਆਂ ਦੇ ਵਿਚਕਾਰ ਤੀਰਥੰਕਰ ਹੁੰਦੇ ਹਨ। ਇਸ ਅਵਸਪਰਨੀ ਕਾਲ ਵਿੱਚ ਚੌਵੀ ਤੀਰਥੰਕਰ ਹੋਏ ਹਨ। ਉਨ੍ਹਾਂ ਵਿੱਚੋਂ ਪਹਿਲਾਂ ਤੀਰਥੰਕਰ ਭਗਵਾਨ ਰਿਸ਼ਭਦੇਵ ਸਨ।

**ਭਗਵਾਨ ਰਿਸ਼ਭਦੇਵ :**

ਭਗਵਾਨ ਰਿਸ਼ਭਦੇਵ ਜੈਨ ਆਗਮਾ ਦੇ ਪੱਖੋਂ ਅਵਸਪਰਨੀ ਕਾਲ ਦੇ ਤੀਸਰੇ ਆਰੇ ਦੇ ਅੰਤ ਵਿੱਚ ਪੈਦਾ ਹੋਏ ਹਨ। ਵੈਦਿਕ ਪੁਰਾਣਾਂ ਅਨੁਸਾਰ ਸਤਿਯੁੱਗ ਤੇ ਅੰਤ ਵਿੱਚ ਹੋਏ ਹਨ। ਰਾਮ ਅਤੇ ਕ੍ਰਿਸ਼ਨ ਤੋਂ ਪਹਿਲਾਂ ਹੋਏ ਸਨ। ਬ੍ਰਹਿਮੰਡ ਪੁਰਾਣ[18] ਵਿੱਚ ਰਿਸ਼ਵਦੇਵ ਨੂੰ ਦਸ ਪ੍ਰਕਾਰ ਦੇ ਧਰਮ ਦਾ ਸੰਸਥਾਪਕ ਮੰਨਿਆ ਗਿਆ ਹੈ। ਭਾਗਵਤ ਵਿੱਚ ਲਿਖਿਆ ਹੈ -ਵਾਸੂਦੇਵ ਨੇ ਅੱਠਵਾਂ ਅਵਤਾਰ ਨਾਭੀ ਅਤੇ ਮਰੂ ਦੇਵੀ ਦੇ ਘਰ ਧਾਰਨ ਕੀਤਾ। ਉਨ੍ਹਾਂ ਰਿਸ਼ਭ ਦੇ ਰੂਪ ਵਿੱਚ ਅਵਤਾਰ ਧਾਰਨ ਕੀਤਾ। ਉਨ੍ਹਾਂ ਸਭ ਆਸ਼ਰਮਾਂ ਰਾਹੀਂ ਨਮਸਕਾਰਯੋਗ ਮਾਰਗ ਵਿਖਾਇਆ।[19]

ਰਿਸ਼ਭਦੇਵ ਦੇ ਸੌ ਪੁੱਤਰ ਸਨ। ਸਾਰੇ ਬ੍ਰਹਮ ਵਿਦਿਆ ਦੇ ਧਨੀ ਸਨ।[20] ਉਨ੍ਹਾਂ ਦੇ ਨੌਂ ਪੁੱਤਰਾਂ ਨੂੰ ਆਤਮ ਵਿਦਿਆ ਵਿਸ਼ਾਰਦ ਆਖਿਆ ਗਿਆ ਹੈ।

ਉਹਨਾਂ ਦੇ ਵੱਡੇ ਪੁੱਤਰ ਭਰਤ ਪਹਿਲੇ ਚੱਕਰਵਰਤੀ ਰਾਜਾ ਸਨ ਅਤੇ ਉਸਦੇ ਨਾਂ ਤੇ ਇਸ ਦੇਸ਼ ਦਾ ਨਾਂ **ਭਾਰਤਵਰਸ਼** ਪਿਆ। ਉਂਝ ਭਰਤ ਮਹਾਯੋਗੀ ਵੀ ਸਨ।[21] ਖੁਦ ਰਿਸ਼ਭਦੇਵ ਨੂੰ ਭਾਗਵਤ ਦੇ ਲੇਖਕ ਨੇ **ਯੋਗੇਸ਼ਵਰ** ਕਿਹ ਹੈ।[22]

---

*18. इह इक्ष्वाकूकुल वंशोद्भवेन नाभिसूतेन मरुदेव्या नन्दनेन*
*महादेवेन ऋषभेण दशप्रकारो धर्मः स्वयमेव चीर्ण -ਬ੍ਰਹਮੰਡ ਪੁਰਾਣ*

*19. ਸ਼੍ਰੀਮਦਭਾਵਗਤ 1/3/13*

*20. ਉਹੀ 11/2/16*

*21. ਸ਼੍ਰੀਮਦਭਾਗਵਤ 11/2/20*

*22. ਉਹੀ 5/5.7*

ਉਹਨਾ ਵੱਖ-ਵੱਖ ਪ੍ਰਕਾਰ ਦੀਆਂ ਯੋਗ ਕਿਰਿਆਵਾਂ ਨੂੰ ਅਪਣਾਇਆ ਸੀ। ਆਚਾਰੀਆ ਸ਼ੁਭਚੰਦਰ ਨੇ ਉਨ੍ਹਾਂ ਨੂੰ ਯੋਗ ਵਿਦਿਆ ਸੰਸਥਾਪਿਕ ਕਿਹਾ ਹੈ।[23] ਹਠਯੋਗ ਪ੍ਰਦੀਪਿਕਾ ਵਿੱਚ ਰਿਸ਼ਭਦੇਵ ਨੂੰ ਹਠਯੋਗ ਵਿਦਿਆ ਦਾ ਉਪਦੇਸ਼ ਦੇਣ ਵਾਲਾ ਮੰਨਿਆ ਹੈ।

ਰਿਸ਼ਭਦੇਵ ਨੇ ਆਪਣੇ ਪੁੱਤਰ ਭਰਤ ਨੂੰ 72 ਕਲਾਵਾਂ ਅਤੇ ਬਾਹੂਬਲੀ ਨੂੰ ਪ੍ਰਾਣੀ ਲੱਛਣ ਵਿਦਿਆ ਦਾ ਗਿਆਨ ਕਰਾਇਆ। ਆਪਣੀ ਪੁੱਤਰੀ ਬ੍ਰਹਮੀ ਨੂੰ ਅਠਾਰਾਂ ਲਿਪੀਆਂ ਦਾ ਅਤੇ ਸੁੰਦਰੀ ਨੂੰ ਗਣਿਤ ਦਾ ਗਿਆਨ ਕਰਾਇਆ। ਇਸਤਰੀਆਂ ਨੂੰ 64 ਕਲਾਵਾਂ ਅਤੇ ਹੋਰ ਲੋਕਾਂ ਨੂੰ ਸੌ ਪ੍ਰਕਾਰ ਦੇ ਸ਼ਿਲਪ ਅਤੇ ਖੇਤੀ ਸੰਬੰਧੀ ਗਿਆਨ ਕਰਾਇਆ।[24]

ਉਹ ਪਹਿਲੇ ਰਾਜਾ ਸਨ। ਉਹਨਾਂ ਨੇ ਰਾਜਨੀਤੀ, ਸਮਾਜਨੀਤੀ ਤੇ ਧਰਮਨੀਤੀ ਆਦਿ ਦਾ ਗਿਆਨ ਕਰਾਇਆ। ਅੰਤ ਵਿੱਚ ਰਾਜ ਛੱਡ ਕੇ ਸਾਧੂ ਦੀਖਿਆ ਗ੍ਰਹਣ ਕੀਤੀ। ਮਹਾਨ ਤਪ ਸਾਧਨਾ ਨਾਲ ਕੇਵਲ ਗਿਆਨ ਪ੍ਰਾਪਤ ਕੀਤਾ।

ਭਗਵਾਨ ਰਿਸ਼ਭਦੇਵ ਦਾ ਜਨਮ ਅਤੇ ਦੀਖਿਆ ਚੇਤ ਵਦੀ 8 ਅਤੇ ਨਿਰਵਾਨ ਮਾਘ ਵਦੀ 13 ਨੂੰ ਹੋਇਆ। ਉਹਨਾਂ ਨੂੰ ਨਿਰਵਾਣ ਭੂਮੀ ਅਸ਼ਟਾਪਦ ਪਰਬਤ ਹੈ।

## ਦੂਸਰੇ 22 ਤੀਰਥੰਕਰ

ਦੂਜੇ ਤੀਰਥੰਕਰ ਅਜੀਤ ਨਾਥ ਸਨ। ਉਹਨਾਂ ਦਾ ਜਨਮ ਸਥਾਨ ਅਯੋਧਿਆ ਸੀ। ਉਹਨਾਂ ਦੇ ਪਿਤਾ ਦਾ ਨਾਂ ਜਿੱਤਸ਼ਤਰੂ ਅਤੇ ਮਾਤਾ ਦਾ ਨਾਂ ਵਿਜੇ ਦੇਵੀ ਸੀ। ਉਹਨਾਂ ਦਾ ਜਨਮ ਮਾਘ ਸੁਦੀ 8 ਅਤੇ ਨਿਰਵਾਣ ਚੇਤ ਸੁਦੀ 5 ਨੂੰ ਹੋਇਆ। ਉਹਨਾਂ ਦੀ ਨਿਰਵਾਣ ਭੂਮੀ ਸੰਮੇਦਸ਼ਿਖਰ ਹੈ।[25]

ਤੀਸਰੇ ਤੀਰਥੰਕਰ ਸੰਭਵ ਨਾਥ ਸਨ। ਉਨ੍ਹਾਂ ਦਾ ਜਨਮ ਸ੍ਰਾਵਸੱਤੀ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਰਾਜਾ ਜਿਤਾਰਿ ਸੀ ਅਤੇ ਮਾਤਾ ਦਾ

---

23. *ਗਿਆਨਾਰਣਵ 1/2*
24. *ਜੰਬੂਦੀਪ ਪਰਗਿਪਤੀ, ਉਸਹੰਚਰਿਯੰ*
25. *ਸਵੇਤਾਂਵਰ ਪਰੰਪਰਾ ਵਿੱਚ ਸਮੇਦ ਸਿਖਰ ਨਾਉਂ ਜ਼ਿਆਦਾ ਪ੍ਰਸਿੱਧ ਹੈ ਅਤੇ ਦਿਗੰਬਰ ਪ੍ਰੰਪਰਾ ਵਿੱਚ ਸਮੇਦ ਸ਼ਿਖਰ ਹੈ। ਸਰਕਾਰੀ ਰਿਕਾਰਡ ਵਿੱਚ ਇਸ ਨੂੰ ਪਾਰਸ਼ਨਾਥ ਹਿਲ ਆਖਦੇ ਹਨ।*

ਨਾਉਂ ਸੈਨਾਦੇਵੀ ਸੀ। ਉਨ੍ਹਾਂ ਆਪਣੇ ਪਿਛਲੇ ਜਨਮ ਵਿੱਚ ਵਿਪੁਲਵਾਹਨ ਰਾਜਾ ਦੇ ਰੂਪ ਵਿੱਚ ਅਕਾਲ ਦੀ ਮਾਰ ਹੇਠ ਆਈ ਪ੍ਰਜਾ ਨੂੰ ਸਾਰਾ ਸ਼ਾਹੀ ਖ਼ਜਾਨਾ ਦਾਨ ਕੀਤਾ ਸੀ। ਉਨ੍ਹਾਂ ਦਾ ਜਨਮ ਮਾਘ ਸੁਦੀ 14 ਨੂੰ ਅਤੇ ਨਿਰਵਾਣ ਚੇਤ ਸੁਦੀ 5 ਨੂੰ ਹੋਇਆ। ਉਹਨਾਂ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਚੌਥੇ ਤੀਰਥੰਕਰ ਅਭਿਨੰਦਨ ਸਨ। ਉਹਨਾਂ ਦਾ ਜਨਮ ਅਯੋਧਿਆ ਵਿੱਚ ਹੋਇਆ ਸੀ। ਪਿਤਾ ਦਾ ਨਾਂ ਰਾਜਾ ਸੰਬਰ ਅਤੇ ਮਾਤਾ ਦਾ ਨਾਂ ਸਿਧਾਰਥਾ ਸੀ। ਉਨ੍ਹਾਂ ਦਾ ਜਨਮ ਮਾਘ ਸੁਦੀ 2 ਅਤੇ ਨਿਰਵਾਣ ਵੈਸਾਖ ਸੁਦੀ 8 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਪੰਜਵੇਂ ਤੀਰਥੰਕਰ **ਸੁਮਤੀ ਨਾਥ** ਦਾ ਜਨਮ ਅਯੋਧਿਆ ਵਿੱਚ ਹੋਇਆ। ਪਿਤਾ ਦਾ ਨਾਂ ਮਹਾਰਾਜਾ ਮੇਘਰਥ ਤੇ ਮਾਤਾ ਦਾ ਨਾਂ ਸੁਮੰਗਲਾ ਦੇਵੀ ਸੀ। ਉਨ੍ਹਾਂ ਦਾ ਜਨਮ ਵੈਸਾਖ ਸੁਦੀ 8 ਨੂੰ ਅਤੇ ਨਿਰਵਾਣ ਚੇਤਰ ਸੁਦੀ 9 ਨੂੰ ਹੋਇਆ। ਜਦੋਂ ਆਪ ਗਰਭ ਵਿੱਚ ਆਏ ਤਾਂ ਮਾਤਾ ਜੀ ਦੀ ਬੁੱਧੀ ਬਹੁਤ ਤੇਜ਼ ਹੋ ਗਈ। ਇਸੇ ਕਾਰਨ ਆਪ ਦਾ ਨਾਂ ਸੁਮਤੀ ਨਾਥ ਰੱਖਿਆ ਗਿਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਛੇਵੇਂ ਤੀਰਥੰਕਰ **ਪਦਮਪ੍ਰਭੂ** ਦਾ ਜਨਮ ਕੋਸ਼ਾਂਬੀ ਵਿਖੇ ਹੋਇਆ। ਪਿਤਾ ਦਾ ਨਾਉਂ ਰਾਜਾ ਸ਼੍ਰੀਧਰ ਅਤੇ ਮਾਤਾ ਦਾ ਨਾਉਂ ਸੁਸੀਮਾ ਸੀ। ਆਪ ਦਾ ਜਨਮ ਕਤਕ ਵਦੀ 12 ਨੂੰ ਤੇ ਨਿਰਵਾਣ ਮਾਘ ਵਦੀ 11 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਸੱਤਵੇਂ ਤੀਰਥੰਕਰ **ਸੁਪਾਰਸ਼ਵਨਾਥ** ਦਾ ਜਨਮ ਕਾਂਸ਼ੀ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਉਂ ਰਾਜਾ ਪ੍ਰਤਿਸ਼ਟ ਅਤੇ ਮਾਤਾ ਦਾ ਨਾਉਂ ਪ੍ਰਿਥਵੀ ਸੀ। ਆਪ ਦਾ ਜਨਮ ਜੇਠ ਸੁਦੀ 12 ਨੂੰ ਅਤੇ ਨਿਰਵਾਣ ਭਾਦੋਂ ਵਦੀ 7 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ

ਅੱਠਵੇਂ ਤੀਰਥੰਕਰ **ਚੰਦਰ ਪ੍ਰਭੂ** ਦਾ ਜਨਮ ਚੰਦਰ ਪੁਰੀ ਨਗਰੀ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਮਹਾਂਸੇਨ ਅਤੇ ਮਾਤਾ ਦਾ ਨਾਂ ਲਖਸ਼ਣਾ ਸੀ। ਉਹਨਾਂ ਦਾ ਜਨਮ ਪੋਹ ਸੁਦੀ 12 ਨੂੰ ਅਤੇ ਨਿਰਵਾਣ ਭਾਦੋਂ ਵਦੀ 7 ਨੂੰ ਹੋਇਆ। ਆਪ ਦੀ ਨਿਰਵਾਣ ਭੂਮੀ ਸਮੇਦ ਸ਼ਿਖਰ ਹੈ।

ਨੌਵੇਂ ਤੀਰਥੰਕਰ **ਸੁਵਿਧੀ ਨਾਥ** ਦਾ ਜਨਮ ਕਾਕੰਦੀ ਨਗਰੀ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ ਸੁਗਰੀਵ ਅਤੇ ਮਾਤਾ ਦਾ ਨਾਂ ਰਾਮਾਦੇਵੀ ਸੀ। ਆਪ ਦਾ ਜਨਮ ਮੱਘਰ ਵਦੀ 5 ਨੂੰ ਅਤੇ ਨਿਰਵਾਣ ਭਾਦੋਂ ਸੁਦੀ 9 ਨੂੰ